# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਬੁੱਧਵਾਰ ਮਿਤੀ 26 ਨਵੰਬਰ, 2014 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।**

**ਹਾਜ਼ਰ:–**

1. ਡਾ. ਅ.ਸ. ਬਰਾੜ<br>ਉਪ-ਕੁਲਪਤੀ . . . (ਸਭਾਪਤੀ)
2. ਡਾ. ਏ.ਜੇ. ਐਸ. ਭੰਵਰ
3. ਡਾ. ਅੰਮ੍ਰਿਤਪਾਲ ਕੌਰ
4. ਸ਼੍ਰੀ ਆਸਾ ਰਾਮ
5. ਡਾ.(ਮਿਸਿਜ਼) ਆਸ਼ਾ ਨਾਰੰਗ
6. ਡਾ. ਅਮਰਜੀਤ ਸਿੰਘ ਸਿੱਧੂ
7. ਡਾ. ਚਰਨਜੀਤ ਸਿੰਘ ਬੱਲ
8. ਡਾ. ਡੀ. ਐਨ. ਜੌਹਰ
9. ਡਾ. ਐਚ.ਐਸ. ਭਾਟੀਆ
10. ਡਾ. ਹਰਬੀਰ ਸਿੰਘ ਮਾਣਕੂ
11. ਡਾ.(ਮਿਸਿਜ਼)ਜਸਮੀਤ ਸੰਧੂ
12. ਸ. ਜਗਦੀਸ਼ ਸਿੰਘ
13. ਸ਼੍ਰੀਮਤੀ ਜੋਤੀ ਸੈਣੀ
14. ਡਾ. ਕਮਲੇਸ਼ ਸਿੰਘ ਦੁੱਗਲ
15. ਸ਼੍ਰੀ ਕੇ.ਐਸ. ਬੈਂਸ, ਆਈ.ਏ.ਐਸ. (ਰਿਟਾ.)
16. ਸ਼੍ਰੀਮਤੀ ਮਨਜੀਤ ਕੌਰ
17. ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ
18. ਸ. ਨਾਨਕ ਸਿੰਘ
19. ਡਾ. ਪਰਮਜੀਤ ਸਿੰਘ,<br>ਡੀਨ, ਅਕਾਦਮਿਕ ਮਾਮਲੇ
20. ਸ਼੍ਰੀਮਤੀ ਪਰਵਿੰਦਰ ਕੌਰ ਸਚਦੇਵਾ
21. ਸ. ਪ੍ਰੇਮ ਸਿੰਘ ਐਡਵੋਕੇਟ
22. ਸ਼੍ਰੀ ਪ੍ਰਮੋਦ ਸ਼ਰਮਾ
23. ਡਾ. ਰਵੀ ਚਾਂਦ ਸਿੰਘ
24. ਡਾ. ਰਾਏ ਜਸਬੀਰ ਸਿੰਘ

25. ਮਿਸ ਰਮਾ ਰਾਣੀ

26. ਡਾ. ਸੁਖਦੇਵ ਸਿੰਘ,
(ਡੀਨ, ਐਗਰੀਕਲਚਰ ਤੇ ਫੋਰੈਸਟਰੀ ਫੈਕਲਟੀ)

27. ਡਾ. ਸੁਬੋਧ ਕੁਮਾਰ

28. ਡਾ. ਸੁਖਦੇਵ ਸਿੰਘ,
(ਮੁਖੀ, ਅੰਗ੍ਰੇਜ਼ੀ ਵਿਭਾਗ)

29. ਡਾ. ਸੁਖਬੀਰ ਕੌਰ

30. ਡਾ. ਸੰਤੋਖ ਸਿੰਘ

31. ਡਾ. ਐਸ.ਪੀ. ਸਿੰਘ

32. ਪ੍ਰੋ. ਐਸ. ਐਸ. ਗਿੱਲ

33. ਡਾ. ਸ਼ਰਨਜੀਤ ਸਿੰਘ ਢਿੱਲੋਂ . . . (ਸਕੱਤਰ)
ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੀ ਇਕੱਤਰਤਾ ਵਿਚ ਸ਼ਾਮਲ ਹੋਣ 'ਤੇ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ।

ਉਨ੍ਹਾਂ ਯੂਨੀਵਰਸਿਟੀ ਦੇ ਸਾਬਕਾ ਰਜਿਸਟਰਾਰ- ਡਾ. ਇੰਦਰਜੀਤ ਸਿੰਘ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਕੀਤੇ ਕੰਮ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਥਾਂ ਡਾ. ਸ਼ਰਨਜੀਤ ਸਿੰਘ ਢਿੱਲੋਂ ਦੀ ਨਵੇਂ ਰਜਿਸਟਰਾਰ ਵਜੋਂ ਨਿਯੁਕਤੀ ਹੋਈ ਹੈ।ਉਨ੍ਹਾਂ ਸੈਨੇਟ ਦੇ ਪੁਰਾਣੇ ਮੈਂਬਰ - ਡਾ. ਸੁਖਦੇਵ ਸਿੰਘ ਖਾਹਰਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਵਡਮੁੱਲੇ ਸੁਝਾਅ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਸੈਨੇਟ ਉਤੇ ਡਾ. ਸੁਖਦੇਵ ਸਿੰਘ, ਸ. ਤੇਜਬੀਰ ਸਿੰਘ, ਡਾ. ਐਸ.ਐਸ. ਗਿੱਲ, ਡਾ. ਡੀ.ਐਨ. ਜੋਹਰ ਅਤੇ ਡਾ. ਸਤਿਆ ਪੀ. ਗੌਤਮ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣੇ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀ ਇੱਕਤਰਤਾ ਮਿਤੀ 12.8.2014 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਨੇਟ ਦੀ ਇੱਕਤਰਤਾ ਮਿਤੀ 12.8.2014 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀ ਇੱਕਤਰਤਾ ਮਿਤੀ 12.8.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀ ਇੱਕਤਰਤਾ ਮਿਤੀ 12.8.2014 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾ** ਅਨੁਸਾਰ) **ਨੋਟ** ਕੀਤੀ ਗਈ।

**ਯੂਨੀਵਰਸਿਟੀ ਦੀ 44ਵੀਂ ਸਾਲਾਨਾ ਰਿਪੋਰਟ ਦੀ ਪ੍ਰਵਾਨਗੀ।**

3. ਸਾਲ 2013 ਲਈ ਯੂਨੀਵਰਸਿਟੀ ਦੀ 44ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ 2013 ਦੇ ਵਰ੍ਹੇ ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਬੀਤੇ ਵਰ੍ਹਿਆਂ ਦੌਰਾਨ ਸਿਖਿਆ, ਖੋਜ, ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਵਿਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ‘ਤੇ ਆਪਣੀ ਵਿਲੱਖਣ ਪਹਿਚਾਣ ਬਣਾਈ ਅਤੇ ਵੱਖ-ਵੱਖ ਖੇਤਰਾਂ ਵਿਚ ਵਡਮੁੱਲੀਆਂ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਵਿਚ ਚਾਇਸ ਬੇਸਡ ਕਰੈਡਿਟ ਸਿਸਟਮ, ਪ੍ਰੀਖਿਆ ਪ੍ਰਣਾਲੀ ਵਿਚ ਬਦਲਾਅ ਤੇ ਨਤੀਜਿਆਂ ਦਾ ਪਾਰਦਰਸ਼ਿਤ ਅਤੇ ਛੇਤੀ ਘੋਸ਼ਿਤ ਕਰਨਾ, ਨਵੇਂ ਕਾਂਸਟੀਚੁਐਂਟ ਕਾਲਜ ਅਤੇ ਰਿਜ਼ਨਲ ਕੈਂਪਸ ਦੀ ਸਥਾਪਨਾ, ਖੋਜ ਅਤੇ ਨਵੇਂ ਬੁਨਿਆਦੀ ਢਾਂਚੇ ਦੇ ਗਠਨ ਤੋਂ ਇਲਾਵਾ ਖੇਡਾਂ ਅਤੇ ਸਭਿਆਚਾਰਕ ਖੇਤਰਾਂ ਵਿਚ ਨਾਮਣਾ ਖੱਟਣਾ ਹੈ। ਇਹ ਸਭ ਪ੍ਰਾਪਤੀਆਂ ਮਾਨਯੋਗ ਉਪ-ਕੁਲਪਤੀ ਪ੍ਰੋ. ਅਜਾਇਬ ਸਿੰਘ ਬਰਾੜ ਦੇ ਪ੍ਰਭਾਵਸ਼ਾਲੀ ਵਿਅਕਤੀਤਵ, ਦੂਰ-ਅੰਦੇਸ਼ੀ ਅਤੇ ਵਿਗਿਆਨਕ ਸੂਝ ਦਾ ਨਤੀਜਾ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਪਿਛਲੇ 44 ਵਰ੍ਹਿਆਂ ਤੋਂ ਸਰਹੱਦੀ ਤੇ ਪੇਂਡੂ ਖੇਤਰਾਂ ਵਿਚ ਉਚੇਰੀ ਵਿਦਿਆ ਦਾ ਚਾਨਣ ਫੈਲਾਅ ਕੇ ਮਾਨਵਤਾ ਦੀ ਸੇਵਾ ਕਰ ਰਹੀ ਹੈ। ਹੁਣ ਤਕ ਯੂਨੀਵਰਸਿਟੀ ਨੇ ਬਹੁਤ ਸਾਰੇ ਬੁੱਧੀਜੀਵੀ ਪੈਦਾ ਕੀਤੇ ਹਨ, ਜੋ ਵਿਸ਼ਵ ਦੇ ਵੱਖ ਵੱਖ ਖੇਤਰਾਂ ਵਿਚ ਯੂਨੀਵਰਸਿਟੀ ਦਾ ਨਾਂ ਰੌਸ਼ਨ ਕਰ ਰਹੇ ਹਨ। ਯੂਨੀਵਰਸਿਟੀ ਦੀ ਸਥਾਪਨਾ 24 ਨਵੰਬਰ, 1969 ਨੂੰ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਦੇ ਮੌਕੇ ‘ਤੇ ਗੁਰੂ ਜੀ ਦੀਆਂ ਸਿਖਿਆਵਾਂ ਦੇ ਪ੍ਰਚਾਰ ਤੇ ਪ੍ਰਸਾਰ ਹਿਤ ਕੀਤੀ ਗਈ ਸੀ। ਯੂਨੀਵਰਸਿਟੀ ਇਸ ਕਾਰਜ ਨੂੰ ਲਗਨ ਅਤੇ ਦ੍ਰਿੜਤਾ ਨਾਲ ਬਾਖੂਬੀ ਨਿਭਾਅ ਰਹੀ ਹੈ।

ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਦੇ ਪ੍ਰਚਾਰ ਅਤੇ ਪ੍ਰਸਾਰ ਹਿਤ ਗੁਰੂ ਨਾਨਕ ਅਧਿਐਨ ਵਿਭਾਗ ਅਤੇ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਸਕੂਲ ਆਫ ਪੰਜਾਬੀ ਸਟੱਡੀਜ਼ ਦੇ ਵਿਦਿਆਰਥੀਆਂ ਪਾਸੋਂ ਕੋਈ ਵੀ ਟਿਊਸ਼ਨ ਫੀਸ ਨਹੀਂ ਲਈ ਜਾਂਦੀ। ਬਾਕੀ ਕੋਰਸਾਂ ਦੀ ਟਿਊਸ਼ਨ ਫੀਸ ਵਿਚ ਵੀ ਪਿਛਲੇ ਤਿੰਨ ਸਾਲਾਂ ਤੋਂ ਕੋਈ ਵੀ ਵਾਧਾ ਨਹੀਂ ਕੀਤਾ ਗਿਆ। ਇਸ ਦੇ ਨਾਲ ਹੀ ਪੇਂਡੂ ਖਿੱਤੇ ਦੇ ਵਿਦਿਆਰਥੀਆਂ ਨੂੰ ਉਚੇਰੀ ਸਿਖਿਆ ਲਈ ਆਕ੍ਰਸ਼ਿਤ ਕਰਨ ਲਈ ਵਿਸ਼ੇਸ਼ ਸਹੂਲਤਾਂ ਦੇਣ ਤੋਂ ਇਲਾਵਾ ਯੂਨੀਵਰਸਿਟੀ ਦੇ ਰਿਜ਼ਨਲ ਕੈਂਪਸ, ਸਠਿਆਲਾ ਤੇ ਫੱਤੂ ਢੀਂਗਾ ਵਿਖੇ ਸ਼ੈਸ਼ਨ 2015 ਤੋਂ ਪਹਿਲੇ ਸਮੈਸਟਰ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਤੋਂ ਤੀਹ ਫੀਸਦੀ ਫੀਸ ਦੀ ਕਟੌਤੀ ਕੀਤੀ ਜਾਣ ਦੀ ਤਜਵੀਜ਼ ਹੈ। ਸਾਲ 2013 ਵਿਚ ਵਿਦਿਆਰਥੀਆਂ ਨੂੰ ਤਕਰੀਬਨ ਤਿੰਨ ਕਰੋੜ ਰੁਪਏ ਦੀ ਫੀਸ ਕਨਸੈਸ਼ਨ ਅਤੇ ਵਿੱਤੀ ਸਹਾਇਤਾ ਦਿਤੀ ਗਈ।

ਯੂਨੀਵਰਸਿਟੀ ਨੂੰ ਯੂ.ਜੀ.ਸੀ. ਵੱਲੋਂ ‘ਯੂਨੀਵਰਸਿਟੀ ਵਿਦ ਪੋਟੈਂਸ਼ਿਅਲ ਫਾਰ ਐਕਸੀਲੈਂਸ’ ਦੇ ਦਰਜੇ ਅਧੀਨ ਦੇਸ਼ ਦੀਆਂ ਵਧੀਆ ਯੂਨੀਵਰਸਿਟੀਆਂ ‘ਚੋਂ ਚੁਣਿਆ ਗਿਆ।ਇਸ ਦੇ ਤਹਿਤ ਯੂ.ਜੀ.ਸੀ. ਵਲੋਂ ਯੂਨੀਵਰਸਿਟੀ ਨੂੰ ‘ਯੂਨੀਵਰਸਿਟੀ ਵਿਦ ਪੋਟੈਂਸ਼ਿਅਲ ਫਾਰ ਐਕਸੀਲੈਂਸ’ ਦੇ ਦਰਜੇ ਨਾਲ ਨਵਾਜਿਆ ਗਿਆ। ਇਸ ਅਧੀਨ 120 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ, ਜਿਸ ਵਿਚੋਂ 50 ਕਰੋੜ ਦੀ ਗ੍ਰਾਂਟ ਜਾਰੀ ਹੋ ਚੁੱਕੀ ਹੈ ਅਤੇ ਵੱਖ-ਵੱਖ ਕੀਮਤੀ ਸਾਇੰਸ ਇੰਸਟਰੂਮੈਂਟਸ ਦੀ ਖਰੀਦ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਵੱਖਰੀ ਐਮਰਜਿੰਗ ਲਾਈਫ ਸਾਇੰਸਜ਼ ਬਿਲਡਿੰਗ ਵਿਚ ਖੋਜਾਰਥੀਆਂ ਦੀ ਵਰਤੋਂ ਲਈ ਰੱਖਿਆ ਗਿਆ ਹੈ ਤਾਂ ਜੋ ਇਨ੍ਹਾਂ ਇੰਸਟਰੂਮੈਂਟਸ ਦੀ ਵੱਧ ਤੋ ਵੱਧ ਵਰਤੋਂ ਹੋ ਸਕੇ। ਇਸ ਤਰ੍ਹਾਂ ਇਹ ਯੂਨੀਵਰਸਿਟੀ ਇਸ ਖੇਤਰ ਦੀ ਪਹਿਲੀ ਯੂਨੀਵਰਸਿਟੀ ਹੈ ਜਿਸਨੂੰ ਕਿ ਇਹ ਮਾਣ ਪ੍ਰਾਪਤ ਹੋਇਆ ਹੈ।ਇਸ ਤੋਂ ਇਲਾਵਾ ਬੀਤੇ ਦਿਨੀਂ ‘ਦ ਵੀਕ’ ਮੈਗਜ਼ੀਨ ਵੱਲੋਂ

ਯੂਨੀਵਰਸਿਟੀ ਨੂੰ ਉਤਰੀ ਭਾਰਤ ਦੀਆਂ ਯੂਨੀਵਰਸਿਟੀਆਂ ਵਿਚੋਂ ਛੇਵੇਂ ਨੰਬਰ ਅਤੇ ਦੇਸ਼ ਦੀਆਂ ਤਕਰੀਬਨ 600 ਤੋਂ ਵੱਧ ਯੂਨੀਵਰਸਿਟੀਆਂ ਵਿਚੋਂ 14ਵੇਂ ਨੰਬਰ 'ਤੇ ਚੁਣਿਆ ਗਿਆ ਹੈ। ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਨੂੰ ਨੈਕ (NAAC) ਬੈਂਗਲੁਰੂ ਨੇ 12ਵੇਂ ਨੰਬਰ ਦਾ ਦਰਜਾ ਦਿੱਤਾ ਹੈ। ਖੋਜ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਸਦਕਾ ਯੂ.ਜੀ.ਸੀ ਸੈਪ ਅਧੀਨ ਯੂਨੀਵਰਸਿਟੀ ਦੇ ਛੇ ਵਿਭਾਗਾਂ ਹਿਸਟਰੀ, ਸਪੋਰਟਸ ਮੈਡੀਸਨ ਐਂਡ ਫਿਜੀਉਥਰੈਪੀ,ਪੋਲੀਟੀਕਲ ਸਾਇੰਸ, ਗੁਰੂ ਨਾਨਕ ਸਟੱਡੀਜ਼, ਮਾਈਕਰੋਬਾਇਲੋਜੀ ਅਤੇ ਹਿਊਮਨ ਜੈਨੇਟਿਕਸ ਨੂੰ 3.05 ਕਰੋੜ ਰੁਪਏ ਦੀ ਗਰਾਂਟ ਪ੍ਰਾਪਤ ਹੋਈ ਹੈ।

ਸਾਲ 2013 ਚ ਯੂਨੀਵਰਸਿਟੀ ਦੇ ਅਧਿਆਪਕਾਂ ਨੇ ਤਕਰੀਬਨ 800 ਖੋਜ ਪਰਚੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਖੋਜ ਪਤਰਾਂ ਵਿੱਚ ਛਪਵਾਏ ਅਤੇ ਤਕਰੀਬਨ 600 ਖੋਜ ਪਰਚੇ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਤੇ ਪੜ੍ਹੇ ਗਏ। ਸਾਲ 2013 ਵਿੱਚ 124 ਰਿਸਰਚ ਸਕਾਲਰਾਂ ਨੂੰ ਪੀ. ਐਚ. ਡੀ. ਡਿਗਰੀਆਂ ਪ੍ਰਦਾਨ ਕੀਤੀਆ ਗਈਆਂ।

ਭਾਰਤ ਸਰਕਾਰ ਦੇ ਮਾਨਵੀ ਸ੍ਰੋਤ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਸੈਂਟਰ ਆਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਤ ਕੀਤਾ ਗਿਆ ਹੈ। ਇਸ ਦੀ ਇਮਾਰਤ ਸਿੱਖ ਸ਼ਿਲਪ ਕਲਾ ਨੂੰ ਧਿਆਨ ਵਿਚ ਰੱਖਦੇ ਹੋਏ ਉਸਾਰੀ ਅਧੀਨ ਹੈ, ਜੋ ਕਿ ਛੇਤੀ ਹੀ ਮੁਕੰਮਲ ਹੋਣ ਜਾ ਰਹੀ ਹੈ। ਇਸ ਸੈਂਟਰ ਦਾ ਭਾਰਤ ਵਿਚ ਇਕ ਵਿਲੱਖਣ ਸਥਾਨ ਹੈ।

ਅੰਮ੍ਰਿਤਸਰ ਤੋਂ ਇਲਾਵਾ ਯੂਨੀਵਰਸਿਟੀ ਦੇ ਗੁਰਦਾਸਪੁਰ, ਜਲੰਧਰ ਕੈਂਪਸ ਦੇ ਨਾਲ ਨਾਲ ਦਿਹਾਤੀ ਖੇਤਰਾਂ ਵਿਚ ਵੱਧ ਤੋਂ ਵੱਧ ਸਿਖਿਆ ਦੇ ਪ੍ਰਸਾਰ ਦੇ ਉਦੇਸ਼ ਨੂੰ ਲੈ ਕੇ ਯੂਨੀਵਰਸਿਟੀ ਦੇ ਰਿਜਨਲ ਕੈਂਪਸ ਸਠਿਆਲਾ ਅਤੇ ਜਿਲ੍ਹਾ ਕਪੂਰਥਲਾ ਦੇ ਪਿੰਡ ਫੱਤੂਢੀਂਗਾ ਆਪਣਾ ਕੰਮ ਬਾਖੂਬੀ ਨਿਭਾ ਰਹੇ ਹਨ। ਯੂਨੀਵਰਸਿਟੀ ਦੇ ਕਾਲਜ ਨਿਆੜੀ, ਜਲੰਧਰ, ਮੁਕੰਦਪੁਰ, ਵੇਰਕਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਨਰੋਟ ਜੈਮਲ ਸਿੰਘ, ਜ਼ਿਲ੍ਹਾ ਤਰਨਤਾਰਨ ਦੇ ਪਿੰਡ ਚੁੰਘ, ਜ਼ਿਲ੍ਹਾ ਕਪੂਰਥਲਾ ਵਿਖੇ ਮਿਠੜਾ, ਗੁਰੂ ਤੇਗ ਬਹਾਦਰ ਕਾਲਜ, ਸਠਿਆਲਾ ਅਤੇ ਯੂਨੀਵਰਸਿਟੀ ਕਾਲਜ, ਪੱਟੀ ਪੇਂਡੂ ਇਲਾਕਿਆਂ ਵਿਚ ਵਿਦਿਆ ਦਾ ਪ੍ਰਸਾਰ ਕਰ ਰਹੇ ਹਨ। ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸ ਅਤੇ ਕਾਂਸਟੀਚੁਐਂਟ ਕਾਲਜਾਂ ਵਿਚ ਇਸ ਵੇਲੇ 23 ਹਜ਼ਾਰ ਤੋਂ ਵੱਧ ਵਿਦਿਆਰਥੀ ਸਿਖਿਆ ਗ੍ਰਹਿਣ ਕਰ ਰਹੇ ਹਨ ਜਦੋ ਕਿ ਪੰਜ ਸਾਲ ਪਹਿਲਾਂ ਵਿਦਿਆਰਥੀਆਂ ਦੀ ਗਿਣਤੀ ਤਕਰੀਬਨ ਸੱਤ ਹਜ਼ਾਰ ਸੀ।

ਯੂਨੀਵਰਸਿਟੀ ਵੱਲੋਂ ਕ੍ਰੈਡਿਟ ਅਧਾਰਤ ਮੁਲੰਕਣ ਪ੍ਰਣਾਲੀ ਆਰੰਭ ਕਰਨ ਸਦਕਾ ਇਹ ਯੂਨੀਵਰਸਿਟੀ ਉੱਤਰੀ ਖੇਤਰ ਦੀ ਪਹਿਲੀ ਸਟੇਟ ਯੂਨੀਵਰਸਿਟੀ ਬਣ ਗਈ ਹੈ। ਪਿਛਲੇ ਪੰਜ ਸਾਲਾਂ ਦੀਆਂ ਵੱਖ-ਵੱਖ ਪ੍ਰੀਖਿਆਵਾਂ ਦੀਆਂ ਡਿਗਰੀਆਂ ਨੂੰ ਇੰਟਰਨੈੱਟ 'ਤੇ ਪਾਉਣ ਦੀ ਪਹਿਲ ਕੀਤੀ ਗਈ ਹੈ, ਜਿਸ ਦੇ ਫਲਸਰੂਪ ਇਨ੍ਹਾਂ ਦੀ ਪੜਤਾਲ (verification) ਦਾ ਕੰਮ ਸੌਖਾ ਹੋ ਜਾਵੇਗਾ ਅਤੇ ਜਾਅਲੀ ਡਿਗਰੀਆਂ ਦੀ ਪਛਾਣ ਦੇ ਨਾਲ-ਨਾਲ ਜਾਅਲੀ ਡਿਗਰੀਆਂ ਦੀ ਵਰਤੋਂ ਦੀਆਂ ਸੰਭਾਵਨਾਵਾਂ ਵੀ ਖਤਮ ਹੋ ਜਾਣਗੀਆਂ। ਯੂਨੀਵਰਸਿਟੀ ਵਿਚ ਚਲਾਏ ਜਾ ਰਹੇ ਸਾਰੇ ਕੋਰਸਾਂ ਵਿਚ ਦਾਖਲਾ ਅਤੇ ਕੌਂਸਲਿੰਗ ਆਨਲਾਈਨ ਕੀਤੀ ਗਈ। ਯੂਨੀਵਰਸਿਟੀ ਵਿਚ ਅਤੇ ਕਾਲਜਾਂ ਵਿਚ ਸਮੈਸਟਰ ਪ੍ਰਣਾਲੀ ਕਾਮਯਾਬੀ ਨਾਲ ਲਾਗੂ ਕਰ ਦਿੱਤੀ ਗਈ ਹੈ।

ਯੂਨੀਵਰਸਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਖੇਡਾਂ ਦਾ ਸਰਵਉੱਚ ਪੁਰਸਕਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ 22 ਵਾਰ ਜਿੱਤੀ ਹੈ। ਮਾਕਾ ਟਰਾਫੀ 1956 ਵਿੱਚ ਸਥਾਪਿਤ ਹੋਈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਮਾਕਾ ਟਰਾਫੀ ਸਭ ਤੋਂ ਵੱਧ ਵਾਰ ਪ੍ਰਾਪਤ ਕਰਨ ਦਾ ਮਾਣ ਪ੍ਰਾਪਤ ਹੈ। ਐਸਟ੍ਰੋਟਰੱਫ ਹਾਕੀ ਗਰਾਊਂਡ ਵਿਚ ਵਿਛਾਈ ਗਈ ਹੈ ਅਤੇ ਫਲੱਡ ਲਾਈਟਾਂ ਨਾਲ ਦਿਨ-ਰਾਤ ਦੇ ਮੈਚ ਖੇਡਣ ਦੀ ਸਹੂਲਤ ਵੀ ਪ੍ਰਦਾਨ

ਕਰ ਦਿੱਤੀ ਗਈ ਹੈ। ਸਾਈਕਲਿੰਗ ਮੁਕਾਬਲਿਆਂ ਵਾਸਤੇ ਕੈਂਪਸ ਵਿਚ ਵੈਲੋਡਰੋਮ ਉਸਾਰਿਆ ਗਿਆ ਹੈ। ਯੂਨੀਵਰਸਿਟੀ ਦੇ ਵੈਲੋਡਰੋਮ ਨੂੰ ਦੇਸ਼ ਦੀਆਂ 16 ਯੂਨੀਵਰਸਿਟੀਆਂ ਵਿਚ ਬਣੇ ਵੈਲੋਡਰੋਮਾਂ ਵਿਚੋਂ ਵਧੀਆ ਕਰਾਰ ਦਿਤਾ ਗਿਆ ਹੈ। ਯੂਨੀਵਰਸਿਟੀ ਨੇ ਬੀਤੇ ਪੰਜਾਂ ਵਰ੍ਹਿਆਂ ਦੌਰਾਨ ਸਭਿਆਚਾਰਕ ਖੇਤਰ ਵਿਚ ਵੀ ਪ੍ਰਾਪਤੀਆਂ ਕੀਤੀਆਂ ਹਨ। ਯੂਨੀਵਰਸਿਟੀ ਨੇ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਸਭਿਆਚਾਰਕ ਚੈਂਪੀਅਨਸ਼ਿਪ ਟਰਾਫੀ ਪੰਜ ਵਾਰ ਅਤੇ ਨੈਸ਼ਨਲ ਚੈਂਪੀਅਨਸ਼ਿਪ ਟਰਾਫੀ ਦੋ ਵਾਰ ਜਿੱਤੀ ਹੈ ਅਤੇ ਇਨ੍ਹਾਂ ਮੁਕਾਬਲਿਆਂ ਵਿਚ ਸਾਡੀ ਯੂਨੀਵਰਸਿਟੀ ਤਿੰਨ ਵਾਰ ਦੂਜੇ ਨੰਬਰ 'ਤੇ ਰਹੀ।

ਯੂਨੀਵਰਸਿਟੀ ਦੇ ਪਲੇਸਮੈਂਟ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਰਸਮੀ ਪੜ੍ਹਾਈ ਮੁਕੰਮਲ ਕਰਨ ਤੋਂ ਪਹਿਲਾਂ ਹੀ ਵੱਖ-ਵੱਖ ਬਹੁ-ਰਾਸ਼ਟਰੀ ਕੰਪਨੀਆਂ ਵਿਚ ਚੰਗੀ ਸਾਲਾਨਾ ਤਨਖਾਹ 'ਤੇ ਕੈਂਪਸ ਪਲੇਸਮੈਂਟ ਰਾਹੀਂ ਨੌਕਰੀਆਂ ਲਈ ਚੁਣਿਆ ਜਾਂਦਾ ਹੈ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਪੂਰੇ ਵਿਸ਼ਵ ਵਿਚ ਹਨ ਅਤੇ ਉੱਚ ਅਹੁਦਿਆਂ 'ਤੇ ਕਾਰਜਸ਼ੀਲ ਹਨ। ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਲ ਇੰਡੀਆ ਸਿਵਲ ਸਰਵਿਸਜ਼ ਦੀਆਂ ਪ੍ਰੀਖਿਆਵਾਂ 'ਚ ਚੰਗਾ ਸਥਾਨ ਲੈ ਕੇ ਪਾਸ ਕਰਨ ਤੋਂ ਇਲਾਵਾ ਪੀ.ਸੀ.ਐਸ. (ਜੁਡੀਸ਼ੀਅਲ) ਅਤੇ ਪੀ.ਸੀ.ਐਸ. (ਐਗਜੈਕਟਿਵ) ਦੀਆਂ ਪ੍ਰੀਖਿਆਵਾਂ ਵੀ ਪਾਸ ਕੀਤੀਆਂ ਹਨ।

ਯੂਨੀਵਰਸਿਟੀ ਵਲੋਂ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਮੀਟ, ਅਕਾਦਿਮਕ ਸਟਾਫ ਕਾਲਜ ਵਿਖੇ ਕਰਵਾਈ ਗਈ, ਜਿਸਨੂੰ ਪ੍ਰੋਫੈਸਰ ਐਸ. ਐਸ. ਚਾਹਲ, ਉਪ-ਕੁਲਪਤੀ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ, ਪ੍ਰੋਫੈਸਰ ਡੀ. ਐਨ. ਜੋਹਰ, ਸਾਬਕਾ ਉਪ-ਕੁਲਪਤੀ, ਬਾਬਾ ਭੀਮਰਾਉ ਅੰਬੇਦਕਰ ਯੂਨੀਵਰਸਿਟੀ, ਆਗਰਾ, ਪ੍ਰੋਫੈਸਰ ਐਸ. ਪੀ. ਗੌਤਮ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀ ਦਿੱਲੀ ਨੇ ਸੰਬੋਧਨ ਕੀਤਾ। ਅਸਟ੍ਰੇਲੀਆ ਤੋਂ ਇਕ ਉਚ ਪੱਧਰੀ ਡੈਲੀਗੇਸ਼ਨ ਪ੍ਰੋਫੈਸਰ ਅਲੈਕਸ, ਮੈਲਬੋਰਨ ਦੀ ਅਗਵਾਈ ਹੇਠ ਆਇਆ ਅਤੇ ਯੂਨੀਵਰਸਿਟੀ ਨਾਲ ਖੋਜ ਮਿਲਵਰਤਨ ਅਤੇ ਅਕਾਦਿਮਕ ਸਬੰਧੀ ਵਿਚਾਰ ਵਟਾਂਦਰਾ ਕੀਤਾ। ਗਿਆਨੀ ਜੋਗਿੰਦਰ ਸਿੰਘ ਵੇਦਾਤੀਂ, ਸਾਬਕਾ ਜਥੇਦਾਰ, ਸ਼੍ਰੀ ਅਕਾਲ ਤੱਖਤ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ, ਡਾਂ. ਮੋਹਿੰਦਰ ਸਿੰਘ, ਮੈਂਬਰ, ਨੈਸ਼ਨਲ ਕਮਿਸ਼ਨ ਫਾਰ ਮਾਇਨੌਰਿਟੀ ਐਜੂਕੇਸ਼ਨ ਇੰਨਸਟੀਚਿਊਸ਼ਨਜ, ਨਵੀ ਦਿਲੀ ਅਤੇ ਅੰਬੇਸਡਰ ਅਸ਼ੋਕ ਸਜ਼ਨਹਾਰ ਨੇ ਸਿੱਖ ਧਰਮ ਦਾ ਸ਼ਾਂਤੀ ਅਤੇ ਸਮਾਜਿਕ ਇਕਸਾਰਤਾ ਬਾਰੇ ਯੋਗਦਾਨ ਸਬੰਧੀ ਆਪਣੇ ਵੱਡਮੁਲੇ ਵਿਚਾਰ ਸਾਂਝੇ ਕੀਤੇ।

ਯੂਨੀਵਰਸਿਟੀ ਦੀ 39 ਵੀਂ ਸਲਾਨਾ ਕਾਨਵੋਕੇਸ਼ਨ ਦੇ ਮੌਕੇ 'ਤੇ ਉਘੇ ਸਾਇੰਸਦਾਨ ਪ੍ਰੋਫੈਸਰ ਕੇ. ਐਸ. ਚੁਘ, ਪੀ. ਜੀ. ਆਈ., ਚੰਡੀਗੜ੍ਹ ਅਤੇ ਉਘੇ ਕਾਨੂੰਨ ਵਿਗਿਆਨੀ ਪ੍ਰੋਫੈਸਰ ਸ਼ਿਵਰਾਜ ਨਕਾਡੇ, ਸਾਬਕਾ ਉਪ-ਕੁਲਪਤੀ, ਡਾ. ਬਾਬਾ ਸਾਹਿਬ ਅੰਬੇਦਕਰ ਮਰਾਠਵਾੜਾ ਯੂਨੀਵਰਸਿਟੀ, ਔਰਗਾਂਬਾਦ ਨੂੰ ਡਾਕਟਰ ਆਫ ਸਾਇੰਸ ਅਤੇ ਡਾਕਟਰ ਆਫ ਲਾਅ ਦੀ ਆਨਰੇਰੀ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ। ਯੂਨੀਵਰਸਿਟੀ ਦੇ 44ਵੇਂ ਸਥਾਪਨਾਂ ਦਿਵਸ ਦੇ ਮੌਕੇ 'ਤੇ ਸ਼੍ਰੀ ਐਨ. ਐਨ. ਵੋਹਰਾ, ਗਵਰਨਰ, ਜੰਮੂ ਅਤੇ ਕਸ਼ਮੀਰ ਨੇ ਸੰਬੋਧਨ ਕਰਦਿਆਂ ਮੱਨੁਖੀ ਕਦਰਾਂ ਕੀਮਤਾਂ ਦੀ ਮਹੱਤਤਾ 'ਤੇ ਜ਼ੋਰ ਦਿਤਾ। ਇਸ ਤੋਂ ਇਲਾਵਾ ਪ੍ਰੋਫੈਸਰ ਦੀਪਕ ਪੈਂਟਲ, ਸਾਬਕਾ ਉਪ-ਕੁਲਪਤੀ, ਦਿਲੀ ਯੂਨੀਵਰਸਿਟੀ,ਦਿਲੀ ਅਤੇ ਪ੍ਰੋਫੈਸਰ ਰਤਨ ਸਿੰਘ ਜੱਗੀ, ਸਾਬਕਾ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਸਥਾਪਨਾ ਦਿਵਸ 'ਚ ਆਪਣੇ ਵਿਚਾਰ ਸਾਂਝੇ ਕੀਤੇ।

ਯੂਨੀਵਰਸਿਟੀ ਦੀ ਕਾਮਯਾਬੀ ਦਾ ਸਿਹਰਾ ਯੂਨੀਵਰਸਿਟੀ ਨਾਲ ਸਬੰਧਤ ਅਧਿਆਪਕਾਂ, ਕਰਮਚਾਰੀਆਂ, ਵੱਖ-ਵੱਖ ਕਾਲਜਾਂ ਦੇ ਪ੍ਰਿੰਸੀਪਲਾਂ, ਖੋਜਾਰਥੀਆਂ ਅਤੇ ਵਿਦਿਆਰਥੀਆਂ ਨੂੰ ਜਾਂਦਾ ਹੈ। ਇਸ ਅਕਾਦਮਿਕ ਵਰ੍ਹੇ ਦੌਰਾਨ ਇਹ ਯੂਨੀਵਰਸਿਟੀ ਅਧਿਆਪਨ, ਖੋਜ, ਖੇਡਾਂ ਅਤੇ ਸਭਿਆਚਾਰ ਦੇ ਖੇਤਰ ਵਿਚ ਰਾਸ਼ਟਰੀ ਪੱਧਰ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ 'ਤੇ ਵੀ ਆਪਣੀ ਪਛਾਣ ਬਣਾਏਗੀ। ਵਾਈਸ-ਚਾਂਸਲਰ ਪ੍ਰੋ.

ਬਰਾੜ ਦੀ ਅਗਵਾਈ ਹੇਠ ਯੂਨੀਵਰਸਿਟੀ ਅੱਗੋਂ ਵੀ ਸਿਖਿਆ, ਖੋਜ, ਖੇਡਾਂ ਅਤੇ ਸਭਿਆਚਾਰਕ ਗਤਿਵਿਧੀਆਂ ਦੇ ਖੇਤਰ ਵਿਚ ਕਾਮਯਾਬੀ ਦੀਆਂ ਹੋਰ ਬੁਲੰਦੀਆਂ ਨੂੰ ਛੂਹੇਗੀ।

ਆਮ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪੇਸ਼ ਕੀਤੇ।

**ਸ. ਜਗਦੀਸ਼ ਸਿੰਘ**

ਉਨ੍ਹਾਂ ਕਿਹਾ ਕਿ ਰਜਿਸਟਰਾਰ ਸਾਹਿਬ ਵੱਲੋਂ ਸਲਾਨਾ ਰਿਪੋਰਟ ਬਾਰੇ ਦਿੱਤਾ ਗਿਆ ਸੰਖੇਪ ਵੇਰਵਾ ਬਹੁਤ ਵਧੀਆ ਹੈ। ਯੂਨੀਵਰਸਿਟੀ ਨੇ ਬਹੁਤ ਉਨਤੀ ਕੀਤੀ ਹੈ। ਇਹ ਬੜੇ ਮਾਣ ਦੀ ਗੱਲ ਹੈ ਕਿ ਇਹ ਯੂਨੀਵਰਸਿਟੀ ਹਿੰਦੁਸਤਾਨ ਦੀਆਂ ਉੱਤਮ ਯੂਨੀਵਰਸਿਟੀਆਂ ਵਿਚੋਂ ਗਿਣੀ ਜਾਂਦੀ ਹੈ। ਇਸ ਰਿਪੋਰਟ ਵਿਚ ਸਾਰੇ ਪੱਖ ਪੇਸ਼ ਕੀਤੇ ਗਏ ਹਨ। ਯੂਨੀਵਰਸਿਟੀ ਦੀਆਂ ਬਿਲਡਿੰਗਾਂ ਬਹੁਤ ਖੁਬਸੂਰਤ ਹਨ ਅਤੇ ਹੋਰ ਵੀ ਉਸਰ ਰਹੀਆਂ ਹਨ, ਵਧੀਆ ਹੋਸਟਲਜ਼ ਹਨ, ਯੂਨੀਵਰਸਿਟੀ ਕੈਂਪਸ ਸਠਿਆਲਾ ਅਤੇ ਫੱਤੂ ਢੀਂਗਾ ਵਿਖੇ ਵਿਦਿਆਰਥੀਆ ਤੋਂ ਲਈਆਂ ਜਾਣ ਵਾਲੀਆਂ ਫੀਸਾਂ 30% ਘਟਾ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਆਮਦਨ ਵਿਚ ਫੀਸਾਂ ਬਹੁਤ ਵੱਡਾ ਹਿੱਸਾ ਪਾਉਦੀਆਂ ਹਨ। ਉਨ੍ਹਾਂ ਵਧੀਆ ਰਿਪੋਰਟ ਪੇਸ਼ ਕਰਨ ‘ਤੇ ਉਪ-ਕਲਪਤੀ ਜੀ ਨੂੰ ਵਧਾਈ ਦਿੱਤੀ।

**ਡਾ. ਸੁਖਬੀਰ ਕੌਰ**

ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਪੂਰੇ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚੋਂ ਇਹ ਯੂਨੀਵਰਸਿਟੀ 14ਵੇਂ ਨੰਬਰ ‘ਤੇ ਹੈ। ਖੇਡਾਂ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਖੇਤਰ ਵਿਚ ਇਹ ਸਭ ਤੋਂ ਅੱਗੇ ਹੈ। ਇੱਥੋਂ ਦਾ ਇਨਫਰਾਸਟ੍ਰਕਚਰ ਬਹੁਤ ਵਧੀਆ ਹੈ। ਰਿਸਰਚ ਵਰਕ ਨੇ ਅਕਾਦਮਿਕਤਾ ਨੂੰ ਹੋਰ ਵੀ ਉੱਚਾ ਚੁੱਕਿਆ ਹੈ। ਸਲਾਨਾ ਰਿਪੋਰਟ ਵਧੀਆ ਹੋਣ ਕਾਰਣ ਉਨ੍ਹਾਂ ਉਪ-ਕੁਲਪਤੀ ਜੀ ਨੂੰ ਵਧਾਈ ਦਿੱਤੀ।

**ਸ. ਨਾਨਕ ਸਿੰਘ**

ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਵਿਚ ਦਰਸਾਈਆਂ ਗਈਆਂ ਉਪਲੱਬਧੀਆਂ ‘ਤੇ ਸਾਨੂੰ ਬਹੁਤ ਮਾਣ ਹੈ। ਇਹ ਰਿਪੋਰਟ ਇਕ ਦਰਪਣ ਹੈ, ਜਿਸ ਵਿਚ ਹਰ ਇਕ ਚੀਜ਼ ਪ੍ਰਤੀਬਿੰਬਤ (Reflect) ਹੋ ਰਹੀ ਹੈ। ਯੂਨੀਵਰਸਿਟੀ ਦੀ ਖੁਸ਼ਕਿਸਮਤੀ ਹੈ ਕਿ ਉਪ-ਕੁਲਪਤੀ ਸਾਹਿਬ ਇਸ ਯੂਨੀਵਰਸਟੀ ਵਿਖੇ ਯੋਗ ਅਗਵਾਈ ਕਰ ਰਹੇ ਹਨ। ਅਧਿਆਪਕ ਬਹੁਤ ਸੁਚੱਜੇ ਢੰਗ ਨਾਲ ਕੰਮ ਕਰ ਰਹੇ ਹਨ। ਪਹਿਲਾਂ ਨਾਲੋਂ ਦਾਖਲੇ ਜ਼ਿਆਦਾ ਹੋ ਰਹੇ ਹਨ। ਯੂਨੀਵਰਸਿਟੀ ਨੂੰ ਯੂ.ਜੀ.ਸੀ. ਵੱਲੋਂ ਜਿਹੜੀ ਗ੍ਰਾਂਟ ਆਉਂਦੀ ਹੈ, ਉਸ ਦਾ ਸਿਹਰਾ ਉਪ-ਕੁਲਪਤੀ ਸਾਹਿਬ ਨੂੰ ਜਾਂਦਾ ਹੈ। ਸਲਾਨਾ ਰਿਪੋਰਟ ਬਹੁਤ ਵਧੀਆ ਹੈ।

**ਡਾ. ਚਰਨਜੀਤ ਸਿੰਘ ਬੱਲ**

ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਜੀ ਦੀ ਅਗਵਾਈ ਵਿਚ ਪਿਛਲੇ ਪੰਜਾਂ ਸਾਲਾਂ ਵਿਚ

ਯੂਨੀਵਰਸਿਟੀ ਦਾ ਮਿਆਰ ਬਹੁਤ ਉੱਚਾ ਹੋਇਆ ਹੈ। 30% ਫੀਸਾਂ ਘਟਾ ਦਿੱਤੀਆਂ ਹਨ। ਵਿਦਿਆਰਥੀਆਂ ਦੀ ਗਿਣਤੀ 7000 ਤੋਂ ਵਧ ਕੇ 23000 ਹੋ ਗਈ ਹੈ। ਇਹ ਸਭ ਉਪ-ਕੁਲਪਤੀ ਸਾਹਿਬ ਦੀ ਯੋਗਤਾ ਅਤੇ ਦੂਰ-ਅੰਦੇਸ਼ੀ ਦਾ ਨਤੀਜਾ ਹੈ।

**ਸ. ਪ੍ਰੇਮ ਸਿੰਘ ਐਡਵੋਕੇਟ**

ਉਨ੍ਹਾਂ ਵਧੀਆ ਸਲਾਨਾ ਰਿਪੋਰਟ ਪੇਸ਼ ਕਰਨ 'ਤੇ ਉਪ-ਕੁਲਪਤੀ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸੈਨੇਟ ਦੇ ਮੈਂਬਰ ਸਾਹਿਬਾਨ ਯੂਨੀਵਰਸਿਟੀ ਦੀ ਬਿਹਤਰੀ ਲਈ ਪੂਰਾ ਸਹਿਯੋਗ ਕਰਨਗੇ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਖੇ ਲਾਅ ਫੈਕਲਟੀ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ। ਪਰਚੇ ਲੀਕ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਪਾਸੇ ਵੱਲ ਧਿਆਨ ਦਿੱਤਾ ਜਾਵੇ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਉਹ ਲਾਅ ਫੈਕਲਟੀ ਸਬੰਧੀ ਵਿਸ਼ੇਸ਼ ਸੁਝਾਅ ਦੇਣ। ਉਨ੍ਹਾਂ ਵੱਲੋਂ ਸਿਰਫ ਲਾਅ ਹੀ ਨਹੀਂ, ਸਗੋਂ ਹਰੇਕ ਫੈਕਲਟੀ 'ਤੇ ਧਿਆਨ ਦਿੱਤਾ ਜਾਵੇਗਾ। ਸਾਡੇ ਵੱਲੋਂ ਕੋਈ ਕਮੀ ਨਹੀਂ ਹੈ। ਪੇਪਰ ਲੀਕ ਦੀ ਕੋਈ ਰਿਪੋਰਟ ਪ੍ਰਾਪਤ ਨਹੀਂ ਹੋਈ। ਜੇਕਰ ਸਾਨੂੰ ਕੋਈ ਰਿਪੋਰਟ ਮਿਲੇ ਤਾਂ ਕਾਰਵਾਈ ਕੀਤੀ ਜਾਂਦੀ ਹੈ।

**ਡਾ. ਸੰਤੋਖ ਸਿੰਘ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਬਹੁਤ ਵਧੀਆ ਹੈ। ਯੂਨੀਵਰਸਿਟੀ ਹਰੇਕ ਖੇਤਰ ਵਿਚ ਤਰੱਕੀ ਕਰ ਰਹੀ ਹੈ। ਇਸ ਯੂਨੀਵਰਸਿਟੀ ਕੋਲ ਕੋਈ ਵੀ ਮੈਡੀਕਲ ਕਾਲਜ ਨਹੀਂ ਹੈ। ਯੂਨੀਵਰਸਿਟੀ ਦੀ ਵਿਤੀ ਹਾਲਤ ਵੀ ਠੀਕ ਹੈ।ਜੇਕਰ ਸਰਕਾਰ ਤਿਆਰ ਹੋਵੇ ਤਾਂ ਮੈਡੀਕਲ ਕਾਲਜ ਯੂਨੀਵਰਸਿਟੀ ਵਿਚ ਖੋਲ੍ਹਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਵੋਕੇਸ਼ਨਲ ਟ੍ਰੇਨਿੰਗ ਦੀ ਘਾਟ ਪੂਰੀ ਕਰਨ ਲਈ ਕਾਰਪੇਂਟਰ, ਟੀ.ਵੀ. ਰਿਪੇਅਰ, ਮਕੈਨਿਕ ਆਦਿ ਕੋਰਸ ਖੋਲ੍ਹੇ ਜਾ ਸਕਦੇ ਹਨ। ਵਧੀਆ ਸਲਾਨਾ ਰਿਪੋਰਟ ਪੇਸ਼ ਕਰਨ 'ਤੇ ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਵਧਾਈ ਦਿੱਤੀ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਖੇ ਲਾਈਫ ਲੌਂਗ ਲਰਨਿੰਗ ਵਿਭਾਗ ਹੈ, ਜਿਸ ਵਿਚ 500 ਦੇ ਕਰੀਬ ਬੱਚੇ ਹਨ। ਇਹਨ੍ਹਾਂ ਵਿੱਚ ਲੜਕੀਆਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਤੁਹਾਡੇ ਵੱਲੋਂ ਦਿੱਤਾ ਗਿਆ ਸੁਝਾਅ ਆਈ.ਟੀ.ਆਈਜ਼ ਦੀਆਂ ਜੋਬਜ਼ ਨਾਲ ਸਬੰਧਤ ਹੈ। ਯੂਨੀਵਰਸਿਟੀ ਨੂੰ ਉਚੇਰੀ ਸਿੱਖਿਆ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਯੂਨੀਵਰਸਿਟੀ ਨੂੰ ਮੈਡੀਕਲ ਕਾਲਜ ਦੇਣ ਲਈ ਪੰਜਾਬ ਸਰਕਾਰ ਨਾਲ ਗੱਲ ਕੀਤੀ ਗਈ, ਪ੍ਰੰਤੂ ਸਰਕਾਰ ਨੇ ਸਾਡੀ ਮੰਗ ਨਹੀਂ ਮੰਨੀ। ਇਸ ਯੂਨੀਵਰਸਿਟੀ ਵਿੱਚ ਪੰਜਾਬ ਤੋਂ ਹੀ ਨਹੀਂ, ਜੰਮੂ ਤੋਂ ਵੀ ਬਹੁਤ ਬੱਚੇ ਦਾਖਲਾ ਲੈਣ ਲਈ ਆਉਂਦੇ ਹਨ। ਯੂਨੀਵਰਸਿਟੀ ਵੱਲੋਂ ਹਰ ਸਾਲ 100 ਸਕਾਲਰਸ਼ਿਪ ਦਿੱਤੇ ਜਾਂਦੇ ਹਨ। ਯੂਨੀਵਰਸਿਟੀ ਨੂੰ Potential for Excellence ਦਾ

ਦਰਜਾ ਹਾਸਲ ਹੈ।

**ਡਾ. ਪਰਮਜੀਤ ਸਿੰਘ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਬਹੁਤ ਤਬਦੀਲੀ ਆਈ ਹੈ। ਪਿਛਲੇ ਪੰਜ ਸਾਲਾਂ ਵਿਚ ਮੁਲਾਂਕਣ ਅਤੇ ਖੋਜ ਵਿਚ ਬਹੁਤ ਸੁਧਾਰ ਹੋਇਆ ਹੈ। ਵਿਦਿਆਰਥੀਆਂ ਦੀ ਗਿਣਤੀ ਵੀ ਵੱਧ ਗਈ ਹੈ। ਨਵਾਂ ਲੈਕਚਰ ਥਿਏਟਰ ਬਣਾਇਆ ਗਿਆ ਹੈ। ਹਰ ਕੰਮ ਆਨ-ਲਾਈਨ ਹੋਣ ਲੱਗ ਪਿਆ ਹੈ। ਨਵੇਂ-ਨਵੇਂ ਕੋਰਸ ਸ਼ੁਰੂ ਹੋ ਗਏ ਹਨ। ਇਨਫਰਮੇਸ਼ਨ ਟੈਕਨਾਲੋਜੀ ਵਿੱਚ ਕਾਫੀ ਤਬਦੀਲੀਆਂ ਆਈਆਂ ਹਨ। NAAC ਟੀਮ ਦੇ 12 ਮੈਂਬਰ ਯੂਨੀਵਰਸਿਟੀ ਵਿਖੇ ਆਏ ਸਨ। ਇਨ੍ਹਾਂ 12 ਮੈਂਬਰਾਂ ਵਿਚੋਂ 8 ਮੈਂਬਰ ਸਾਇੰਸ ਨਾਲ ਸਬੰਧਤ ਸਨ। ਯੂਨੀਵਰਸਿਟੀ ਵਿਖੇ ਲਾਈਫ ਲੌਂਗ ਲਰਨਿੰਗ ਵਿਭਾਗ ਹੈ। ਵਿਭਾਗਾਂ ਵਿਚ ਵਧੀਆ ਕਿਸਮ ਦੇ ਯੰਤਰ ਹਨ। ਨੈਕ ਟੀਮ ਦੀ ਰਿਪੋਰਟ ਕੁਝ ਸਮੇਂ ਬਾਅਦ ਪ੍ਰਾਪਤ ਹੋਵੇਗੀ।

**ਡਾ. ਐਚ.ਐਸ. ਭਾਟੀਆ**

ਉਨ੍ਹਾਂ ਕਿਹਾ ਕਿ ਉਪ-ਕੁਲਪਤੀ ਜੀ ਨੇ ਯੂਨੀਵਰਸਿਟੀ ਦੇ ਪੱਧਰ ਨੂੰ ਬਹੁਤ ਉੱਚਾ ਚੁੱਕਿਆ ਹੈ ਅਤੇ ਇਸ ਦਾ ਖੇਡਾਂ ਅਤੇ ਖੋਜ ਆਦਿ ਦੇ ਖੇਤਰ ਵਿਚ ਸਾਰੇ ਪੱਖਾਂ ਤੋਂ ਵਿਕਾਸ ਹੋਇਆ ਹੈ। ਰਿਸਰਚ ਫੈਲੋ ਅਤੇ ਵਿਦਿਆਰਥੀਆਂ ਦੀ ਗਿਣਤੀ ਵਿਚ ਵਾਧਾ ਹੋਇਆ ਹੈ। ਇਸ ਪ੍ਰਾਪਤੀ ਲਈ ਉਪ-ਕੁਲਪਤੀ ਸਾਹਿਬ ਵਧਾਈ ਦੇ ਹੱਕਦਾਰ ਹਨ। ਉਨ੍ਹਾਂ ਰਜਿਸਟਰਾਰ ਸਾਹਿਬ ਦੀ ਪਹਿਲੀ ਸੈਨੇਟ ਦੀ ਮੀਟਿੰਗ ਹੋਣ ‘ਤੇ ਰਜਿਸਟਰਾਰ ਸਾਹਿਬ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਰਜਿਸਟਰਾਰ ਸਾਹਿਬ ਦੀ ਰਹਿਨੁਮਾਈ ਵਿੱਚ ਯੂਨੀਵਰਸਿਟੀ ਵਧੀਆ ਚੱਲੇਗੀ। ਸਾਇੰਸਜ਼ ਵਿਭਾਗਾਂ ਦੇ ਵਿਕਾਸ ਵੱਲ੍ਹ ਬਹੁਤ ਧਿਆਨ ਦਿੱਤਾ ਗਿਆ ਹੈ। ਭਾਸ਼ਾਵਾਂ ਵਿਭਾਗ ਵੱਲ੍ਹ ਵੀ ਹੋਰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਫੀਸਾਂ ਘੱਟ ਹੋਣ ਨਾਲ ਪੰਜਾਬੀ ਵਿਭਾਗ ਵਿੱਚ ਵਿਦਿਆਰਥੀਆਂ ਅਤੇ ਫੈਲੋਜ਼ ਦੀ ਗਿਣਤੀ ਵਧੀ ਹੈ। ਯੂਨੀਵਰਸਿਟੀ ਦੀਆਂ ਜਿੰਨੀਆਂ ਵੀ ਪਬਲੀਕੇਸ਼ਨਜ਼ ਛਪਦੀਆਂ ਹਨ, ਉਹ ਬਹੁਤ ਵਧੀਆ ਹਨ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਸਾਇੰਸਜ਼ ਵਿਭਾਗਾਂ ਵੱਲ੍ਹ ਜਿੰਨਾਂ ਧਿਆਨ ਦਿੱਤਾ ਗਿਆ ਹੈ, ਉਨਾਂ ਹੀ ਭਾਸ਼ਾਵਾਂ ਵਿਭਾਗਾਂ ‘ਤੇ ਧਿਆਨ ਦਿੱਤਾ ਗਿਆ ਹੈ। ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ 16 ਪੀਐਚ.ਡੀ. ਵਿਦਿਆਰਥੀ ਹਨ। ਭਾਸ਼ਾਵਾਂ ਵਿਭਾਗਾਂ ਲਈ 82 ਲੱਖ ਰੁਪਏ ਦੀ ਰਾਸ਼ੀ ਦੀ ਵਿਵਸਥਾ ਕੀਤੀ ਗਈ ਹੈ। ਨੈਕ ਦੀ ਟੀਮ ਨੇ ਸਭ ਤੋਂ ਪਹਿਲਾਂ ਯੂਨੀਵਰਸਿਟੀ ਵਿਖੇ ਕਲਾਸ-ਰੂਮ, ਅਧਿਆਪਕ, ਵਿਦਿਆਰਥੀ ਅਤੇ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆ ਦੀ ਗਿਣਤੀ ਬਾਰੇ ਪੁੱਛਿਆ ਹੈ। ਵਿਦਿਆਰਥੀਆਂ ਤੋਂ ਮਿਲਣ ਵਾਲੀ feedback, Plagiarism ਦੇ Thesis Paper ਚੈੱਕ ਕਰਨ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਦੇ ਜਰਨਲ ਛਾਪਣ ਦੀ ਗਿਣਤੀ ਆਦਿ ਬਾਰੇ ਵੀ ਪੁੱਛਿਆ ਗਿਆ। NAAC ਟੀਮ ਹਰੇਕ ਵਿਭਾਗ ਵਿਚ ਗਈ ਅਤੇ ਉਸਨੇ ਆਪਣੇ ਵਿਸ਼ੇਸ਼ਗ ਵਿਚਾਰ(Expert Opinion) ਦਿੱਤੇ। ਜੇਕਰ ਅਸੀਂ

ਉਸਦੀ ਰਿਪੋਰਟ ਲਾਗੂ ਕਰੀਏ ਤਾਂ ਸਾਡੀ ਯੂਨੀਵਰਸਿਟੀ ਦਾ ਮਿਆਰ ਹੋਰ ਉੱਚਾ ਹੋ ਸਕਦਾ ਹੈ। ਅਗਲੀ ਵਾਰੀ NAAC ਟੀਮ ਦੇ ਆਉਣ ਤੋਂ ਪਹਿਲਾਂ ਸਾਨੂੰ ਖੋਜ ਕਾਰਜ ਦਾ ਪੱਧਰ ਹੋਰ ਉੱਚਾ ਕਰਨਾ ਪਵੇਗਾ। ਦੂਸਰੇ ਰਾਜਾਂ ਦੀਆਂ ਯੂਨੀਵਰਸਿਟੀਆਂ ਤੋਂ ਸਾਡੀ ਯੂਨੀਵਰਸਿਟੀ ਦੀ Performance ਬਿਹਤਰ ਹੈ।

**ਡਾ. ਡੀ.ਐਨ. ਜੌਹਰ**

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਬਹੁਤ ਵਧੀਆ ਹੈ।ਜੇਕਰ ਕੋਈ ਵਿਅਕਤੀ ਕੰਮ ਕਰਨ ਦਾ ਦ੍ਰਿੜ ਨਿਸ਼ਚਾ ਰੱਖਦਾ ਹੋਵੇ ਤਾਂ ਉਹ ਕੰਮ ਨੇਪਰੇ ਚਾੜਿਆ ਜਾ ਸਕਦਾ ਹੈ। ਦੂਸਰੀਆਂ ਯੂਨੀਵਰਸਿਟੀਆਂ ਨਾਲੋਂ ਸਾਡੀ ਯੂਨੀਵਰਸਿਟੀ ਦੀ ਵਿੱਤੀ ਹਾਲਤ ਵਧੀਆ ਹੈ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੀਆਂ ਵਧੀਆ ਪ੍ਰਾਪਤੀਆਂ ਲਈ ਉਪ-ਕੁਲਪਤੀ ਸਾਹਿਬ ਪ੍ਰਸ਼ੰਸਾ ਦੇ ਹੱਕਦਾਰ ਹਨ। ਇਸ ਯੂਨੀਵਰਸਿਟੀ ਵੱਲੋਂ ਕਰਮਚਾਰੀਆਂ ਨੂੰ ਤਨਖਾਹ ਤੇ ਪੈਨਸ਼ਨ ਸਮੇਂ ਸਿਰ ਮਿਲ ਰਹੀ ਹੈ।

**ਡਾ. ਐਸ.ਪੀ. ਸਿੰਘ**

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਵਿਖੇ ਪਹਿਲਾਂ ਪੰਜਾਬੀ ਵਿਭਾਗ ਬਹੁਤ ਵਧੀਆ ਸੀ, ਜਿਸ ਵਿਚ ਅਧਿਆਪਕਾਂ ਦੀ ਗਿਣਤੀ 28 ਸੀ, ਪ੍ਰੰਤੂ ਹੁਣ ਸਿਰਫ 3 ਜਾਂ 4 ਅਧਿਆਪਕ ਹੀ ਰਹਿ ਗਏ ਹਨ। ਪ੍ਰੰਤੂ ਫਿਰ ਵੀ ਇਹ ਵਿਭਾਗ ਦੂਸਰੀਆਂ ਯੂਨੀਵਰਸਿਟੀਆਂ ਤੋਂ ਬਿਹਤਰ ਹੈ। ਸਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲ ਵੇਖਦੇ ਸਨ। ਯੋਗ ਅਧਿਆਪਕਾਂ ਦੀ ਭਰਤੀ ਹੋਣੀ ਚਾਹੀਦੀ ਹੈ।

**ਡਾ. ਐਚ.ਐਸ. ਭਾਟੀਆ**

ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਵਿੱਚ ਅਧਿਆਪਕਾਂ ਦੀ ਗਿਣਤੀ ਘੱਟ ਰਹੀ ਹੈ। ਆਉਣ ਵਾਲੇ 2 ਸਾਲਾਂ ਵਿਚ ਅਧਿਆਪਕਾਂ ਦੀ ਗਿਣਤੀ ਸਿਰਫ 3 ਹੀ ਰਹਿ ਜਾਵੇਗੀ, ਇਸ ਨਾਲ ਬਹੁਤ ਵੱਡੀ ਸਮੱਸਿਆ ਪੇਸ਼ ਆਵੇਗੀ। ਇਸ ਵੱਲ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਪੰਜਾਬੀ ਭਾਸ਼ਾ ਦਾ ਮਿਆਰ ਉੱਚਾ ਹੋ ਸਕੇ।

**ਉਪ-ਕੁਲਪਤੀ ਸਾਹਿਬ**

ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਵਿਚ 3 ਅਧਿਆਪਕਾਂ ਦੀਆਂ ਅਸਾਮੀਆਂ ਭਰਨ ਦਾ ਯਤਨ ਕੀਤਾ ਗਿਆ, ਪ੍ਰੰਤੂ ਵਿਸ਼ਾ ਵਿਸ਼ੇਸ਼ਗਾਂ ਵਲੋਂ ਉਨ੍ਹਾਂ ਨੂੰ ਯੋਗ ਨਹੀਂ ਪਾਇਆ ਗਿਆ।

**ਪਾਸ ਹੋਇਆ** ਕਿ ਸਾਲ 2013 ਲਈ ਯੂਨੀਵਰਸਿਟੀ ਦੀ 44ਵੀਂ ਸਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

**ਉਪ-ਕੁਲਪਤੀ ਸਾਹਿਬ ਦਾ ਬਿਆਨ।**

4. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. 18-21 ਨਵੰਬਰ ਨੂੰ NAAC Peer Team ਯੂਨੀਵਰਸਿਟੀ ਵਿਖੇ ਆਈ। ਉਨ੍ਹਾਂ ਨੇ ਆਪਣੀ ਨਿਰੀਖਣ ਰਿਪੋਰਟ NAAC ਨੂੰ ਸੌਂਪ ਦਿੱਤੀ ਹੈ।

2. 15 ਨਵੰਬਰ ਨੂੰ ਅਮਰੀਕਾ ਦੇ ਸਾਊਥ ਕੈਰੋਲੀਨਾ ਦੀ ਪਹਿਲੀ ਮਹਿਲਾ ਗਵਰਨਰ, ਨਿੱਕੀ ਰੰਧਾਵਾ ਹੈਲੇ ਨੇ ਯੂਨੀਵਰਸਿਟੀ ਦਾ ਦੌਰਾ ਕੀਤਾ। ਉਨ੍ਹਾਂ ਆਪਣੀ ਫੇਰੀ ਦੌਰਾਨ ਸਾਊਥ ਕੈਰੋਲੀਨਾ ਦੀਆਂ ਯੂਨੀਵਰਸਿਟੀਆਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚਕਾਰ ਆਪਸੀ ਮਿਲਵਰਤਣ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕੀਤੀ।

3. 2 ਸਤੰਬਰ ਨੂੰ Emerging Life Sciences Centre ਵਿਖੇ ਤਿੰਨ ਕਰੋੜ ਦੀ ਲਾਗਤ ਵਾਲੀ ਅਤਿ ਆਧੁਨਿਕ ਟਰਾਂਸਮਿਸ਼ਨ ਇਲੈਕਟ੍ਰਾਨਿਕ ਮਾਈਕ੍ਰੋਸਕੋਪ (TEM) ਦਾ ਉਦਘਾਟਨ ਕੀਤਾ ਗਿਆ।

4. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ ਯੂਨੀਵਰਸਿਟੀ ਕੈਂਪਸ, ਰਿਜਨਲ ਕੈਂਪਸ ਅਤੇ ਕਾਂਸਟੀਚੂਐਂਟ ਕਾਲਜਾਂ ਦੇ ਬੈਚ-2014 ਦੇ ਕੁੱਲ 379 ਅਤੇ ਬੈਚ-2015 ਦੇ ਕੁੱਲ 463 ਵਿਦਿਆਰਥੀਆਂ ਨੂੰ ਭਾਰਤ ਦੀਆਂ ਬਹੁਰਾਸ਼ਟਰੀ ਆਈ.ਟੀ. ਕੰਪਨੀਆਂ Tata Consultancy Services, AADTT, IBM, ਹੈਦਰਾਬਾਦ ਦੀ Capgemini ਅਤੇ ਗੁੜਗਾਓਂ ਦੀ Nagarro ਕੰਪਨੀ ਵੱਲੋਂ ਨੋਕਰੀਆਂ ਲਈ ਚੁਣਿਆ ਗਿਆ ਹੈ।

5. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਯਤਨਾਂ ਸਦਕਾ ਇਸ ਵਾਰ ਅਨੁਸੂਚਿਤ ਜਾਤੀ, ਪਛੜੀ ਸ਼੍ਰੇਣੀ ਅਤੇ ਅਲਪ-ਸੰਖਿਅਕ ਸ਼੍ਰੇਣੀਆਂ ਨਾਲ ਸਬੰਧਿਤ 11 ਵਿਦਿਆਰਥੀਆਂ ਨੇ ਰਾਸ਼ਟਰੀ ਪੱਧਰ/ਰਾਜ ਪੱਧਰ ਦੀਆਂ ਪ੍ਰੀਖਿਆਵਾਂ ਪਾਸ ਕੀਤੀਆਂ ਹਨ ਅਤੇ ਇਨ੍ਹਾਂ ਵਿਚੋਂ 5 ਵਿਦਿਆਰਥੀਆਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ। ਇਸ ਤੋਂ ਇਲਾਵਾ ਜੂਨ, 2014 ਨੂੰ ਹੋਏ U.G.C. NET Test ਵਿਚ ਸੈਂਟਰ ਦੇ 8 ਵਿਦਿਆਰਥੀਆਂ ਨੇ ਸਫਲਤਾ ਹਾਸਿਲ ਕੀਤੀ ਹੈ।

6. ਕੈਮਿਸਟਰੀ ਵਿਭਾਗ ਦੇ ਵਿਦਿਆਰਥੀ ਡਾ. ਵਰੁਣ ਵਿਜ, ਜੋ ਕਿ ਇਸ ਵਿਭਾਗ ਦੇ ਅਧਿਆਪਕ ਡਾ. ਵੰਦਨਾ ਭੱਲਾ ਅਤੇ ਡਾ. ਮਨੋਜ ਕੁਮਾਰ ਦੇ ਰਿਸਰਚ ਗਰੁੱਪ ਵਿਚ ਕੰਮ ਕਰ ਰਿਹਾ ਹੈ, ਨੂੰ ਉਸ ਦੇ ਥੀਸਿਜ਼ ਲਈ 2014 **Lilly Outstanding Thesis Award** ਵਾਸਤੇ ਚੁਣਿਆ ਗਿਆ ਹੈ ਜਿਸ ਵਿਚ ਉਸ ਨੂੰ Lilly Plaque ਤੋਂ ਇਲਾਵਾ 1500 ਅਮਰੀਕਨ ਡਾਲਰ ਮਿਲਣਗੇ।

7. 14 ਨਵੰਬਰ ਨੂੰ ਹਿਊਮਨ ਜੈਨੇਟਿਕਸ ਵਿਭਾਗ ਵੱਲੋਂ ਜਸਵੰਤ ਰਾਏ ਯਾਦਗਾਰੀ ਭਾਸ਼ਣ ਕਰਵਾਇਆ ਗਿਆ। ਇਹ ਭਾਸ਼ਣ ਇੰਡੀਅਨ ਇੰਸਟੀਚਿਊਟ ਆਫ ਸਾਇੰਸ, ਬੰਗਲੌਰ ਦੇ ਪ੍ਰਸਿੱਧ ਵਿਗਿਆਨਿਕ, ਪ੍ਰੋਫੈਸਰ ਅਰੁਣ ਕੁਮਾਰ ਨੇ ਦਿੱਤਾ।

8. 2-4 ਸਤੰਬਰ ਨੂੰ ਬੋਟਾਨੀਕਲ ਅਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਲੋਂ UGC-CPEPA ਪ੍ਰੋਜੈਕਟ ਅਧੀਨ Ultra High Performance Liquid Chromatography (UHPLC), Preparative High Performance Liquid Chromatography (HPLC) and Amino Acid Analyzer ਵਿਸ਼ੇ 'ਤੇ ਤਿੰਨ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ ਦੇ ਪ੍ਰੋਫੈਸਰ ਸੰਜੈ ਜੈਕਹਾਕ ਨੇ ਜਾਪਾਨ ਦੀਆਂ ਵੱਖ-ਵੱਖ ਕੰਪਨੀਆਂ ਵਲੋਂ ਬਣਾਏ ਨਵੇਂ ਖੋਜ ਯੰਤਰਾਂ ਬਾਰੇ ਜਾਣਕਾਰੀ ਦਿੱਤੀ।

9. 6 ਅਕਤੂਬਰ ਤੋਂ 11 ਅਕਤੂਬਰ ਤੱਕ ਯੂਨੀਵਰਸਿਟੀ ਵਿਖੇ Centre of Biomedical Research (CBMR), Lucknow ਦੇ ਸਹਿਯੋਗ ਨਾਲ **NMR: Molecules to Human Behaviour** ਵਿਸ਼ੇ 'ਤੇ Department of Science & Technology, Govt. of India, New Delhi ਵਲੋਂ sponsored ਛੇ-ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਦੇਸ਼ ਭਰ ਤੋਂ ਲਗਭੱਗ 150 ਸਾਇੰਸਦਾਨਾਂ ਨੇ ਹਿੱਸਾ ਲਿਆ।

10. 28 ਅਕਤੂਬਰ ਨੂੰ ਯੂਨੀਵਰਸਿਟੀ ਵਿਖੇ ਬਾਬਾ ਗੁਰਦਿੱਤ ਸਿੰਘ ਕਾਮਾਗਾਟਾਮਾਰੂ ਦੀ 100ਵੀਂ ਵਰ੍ਹੇ ਗੰਢ ਦੇ ਮੌਕੇ 'ਤੇ **Kamagata Maru Episode** ਵਿਸ਼ੇ 'ਤੇ ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਡਾ. ਦਲਜੀਤ ਸਿੰਘ ਚੀਮਾ, ਸਿੱਖਿਆ ਮੰਤਰੀ, ਪੰਜਾਬ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ 'ਤੇ ਗਦਰ ਲਹਿਰ ਦੇ ਅਜ਼ਾਦੀ ਘੁਲਾਟੀਆਂ ਵੱਲੋਂ ਪਾਏ ਯੋਗਦਾਨ ਬਾਰੇ ਡਾ. ਐਚ.ਐਸ. ਚੋਪੜਾ, ਲਾਇਬ੍ਰੇਰੀਅਨ ਵੱਲੋਂ ਲਿਖੀ Bibliography ਵੀ ਰਲੀਜ਼ ਕੀਤੀ ਗਈ।

11. **ਅਕਾਦਮਿਕ ਸਟਾਫ ਕਾਲਜ ਦੀਆਂ ਗਤੀਵਿਧੀਆਂ:**
   - 2 ਸਤੰਬਰ ਤੋਂ ਪੀਐਚ.ਡੀ. ਵਿਦਿਆਰਥੀਆਂ ਲਈ 21 ਦਿਨਾ **Interaction Programme** ਕੀਤਾ ਗਿਆ, ਜਿਸ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਦੇ ਸਕੂਲ ਆਫ ਸੋਸ਼ਲ ਸਾਇੰਸ ਦੇ ਪ੍ਰੋਫੈਸਰ ਗੁਰਪ੍ਰੀਤ ਮਹਾਜਨ ਨੇ ਮੁੱਖ ਭਾਸ਼ਣ ਦਿੱਤਾ।
   - 23 ਸਤੰਬਰ ਤੋਂ 29 ਸਤੰਬਰ ਤੱਕ **Advanced Research Methodology, Statistics and Patents** ਵਿਸ਼ੇ 'ਤੇ ਸੱਤ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।
   - 26 ਸਤੰਬਰ ਨੂੰ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ, ਜਿਸ ਨੂੰ ਪ੍ਰਿੰਸੀਪਲ ਸਕੱਤਰ, ਹਾਇਰ ਐਜੂਕੇਸ਼ਨ ਅਤੇ ਭਾਸ਼ਾਵਾਂ, ਪੰਜਾਬ ਸਰਕਾਰ, ਸ੍ਰੀ ਰੋਸ਼ਨ ਸਨਕਾਰੀਆ, ਆਈ.ਏ.ਐਸ. ਪ੍ਰੋ. ਐਸ. ਐਸ. ਚਾਹਲ ਅਤੇ ਆਗਰਾ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਮੁਹੰਮਦ ਮੁਜ਼ਮਿਲ ਨੇ ਸੰਬੋਧਨ ਕੀਤਾ।
   - 4-8 ਅਕਤੂਬਰ ਨੂੰ ਪੰਜਾਬ ਦੇ ਛੇ ਮੈਰੀਟੋਰੀਅਸ ਸਕੂਲਾਂ ਦੇ 57 ਅਧਿਆਪਕਾਂ ਲਈ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

12. **ਯੁਵਕ ਭਲਾਈ ਵਿਭਾਗ ਦੀਆਂ ਗਤੀਵਿਧੀਆਂ:**
   - ਡਾ. ਜਗਜੀਤ ਕੌਰ, ਡਾਇਰੈਕਟਰ, ਯੁਵਕ ਭਲਾਈ ਨੂੰ ਯੂ.ਜੀ.ਸੀ. ਵਲੋਂ ਯੁਵਕ ਸੱਭਿਆਚਾਰਕ ਗਤੀਵਿਧੀਆਂ ਬਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੇ ਨਜ਼ਰੀਏ ਤੇ ਰਵੱਈਏ ਦੀ ਵਿਹਾਰਕ ਪੜਚੋਲ: ਪੰਜਾਬੀ ਤੇ ਪੰਜਾਬੀਅਤ ਦੇ ਨਵ-ਪਸਾਰਾਂ ਦੇ ਸੰਦਰਭ ਵਿਚ ਵਿਸ਼ੇ 'ਤੇ ਖੋਜ ਕਰਨ ਲਈ ਪ੍ਰੋਜੈਕਟ ਦੀ ਪ੍ਰਵਾਨਗੀ ਦਿੱਤੀ ਗਈ ਹੈ, ਜਿਸ ਲਈ ਯੂ.ਜੀ.ਸੀ. ਵੱਲੋਂ 11.00 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ।
   - ਡਾ. ਜਗਜੀਤ ਕੌਰ, ਡਾਇਰੈਕਟਰ, ਯੁਵਕ ਭਲਾਈ ਨੂੰ Posh Cultural Society (J&K) ਨੇ ਜੰਮੂ ਕਸ਼ਮੀਰ ਰਾਜ ਦੇ ਆਰਟ ਤੇ ਕਲਚਰ ਨੂੰ ਪ੍ਰਫੁਲਤ ਕਰਨ ਲਈ ਆਪਣੀ ਸਲਾਹਕਾਰ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਹੈ।
   - 26-28 ਅਗਸਤ ਨੂੰ ਵਿਭਾਗ ਵਲੋਂ ਸੰਗੀਤ, ਥਿਏਟਰ ਅਤੇ ਡਾਂਸ ਦੇ ਮੁਕਾਬਲਿਆਂ ਵਿਚ ਤਕਨੀਕੀ ਗੁਰਾਂ ਨੂੰ ਸਾਂਝਾ ਕਰਨ ਲਈ ਤਿੰਨ ਦਿਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।
   - 17 ਸਤੰਬਰ ਤੋਂ 30 ਅਕਤੂਬਰ ਤੱਕ ਵਿਭਾਗ ਵਲੋਂ ਸਾਲ 2014-15 ਲਈ ਯੂਨੀਵਰਸਿਟੀ ਜ਼ੋਨਲ ਅਤੇ ਅੰਤਰ-ਜ਼ੋਨਲ ਯੁਵਕ ਮੇਲਿਆਂ ਦਾ ਆਯੋਜਨ ਕੀਤਾ ਗਿਆ।

13. **ਖੇਡ ਵਿਭਾਗ ਦੀਆਂ ਗਤੀਵਿਧੀਆਂ:**

- ਅਭਿਸ਼ੇਕ ਵਰਮਾ, ਜੋ ਕਿ ਇਸ ਯੂਨੀਵਰਸਿਟੀ ਦੇ ਵਿਦਿਆਰਥੀ ਰਹਿ ਚੁੱਕੇ ਹਨ, ਨੂੰ 29 ਅਗਸਤ 2014 ਨੂੰ ਭਾਰਤ ਦੇ ਰਾਸ਼ਟਰਪਤੀ ਵਲੋਂ ਅਰਜੁਨ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਸ ਨੇ ਨਵੰਬਰ 2013 ਨੂੰ Taiwan ਵਿਚ ਹੋਈ 18th Asian Archery Championship ਵਿਚ ਦੋ ਗੋਲਡ ਮੈਡਲ ਅਤੇ ਮਾਰਚ 2014 ਵਿਚ Thailand ਵਿਖੇ ਹੋਈ 1st Asian Grand Prix ਵਿਚ ਇਕ ਗੋਲਡ ਅਤੇ ਦੋ ਸਿਲਵਰ ਮੈਡਲ ਜਿੱਤੇ ਸਨ।
- 30 ਅਕਤੂਬਰ ਨੂੰ ਖਾਲਸਾ ਕਾਲਜ ਫਾਰ ਵੂਮੈਨ, ਅੰਮ੍ਰਿਤਸਰ ਦੀ ਵਿਦਿਆਰਥਣ ਖੁਸ਼ਬੀਰ ਕੌਰ ਜਿਸ ਨੇ 19 ਸਤੰਬਰ-4 ਅਕਤੂਬਰ ਨੂੰ ਸਾਊਥ ਕੋਰੀਆ ਵਿਖੇ ਹੋਈਆਂ ਏਸ਼ੀਅਨ ਗੇਮਜ਼-2014 ਵਿਚ 20 ਕਿਲੋਮੀਟਰ ਰੇਸ-ਵਾਕ ਵਿਚ ਚਾਂਦੀ ਦਾ ਤਮਗਾ ਪ੍ਰਾਪਤ ਕੀਤਾ ਹੈ, ਨੂੰ ਯੂਨੀਵਰਸਿਟੀ ਵੱਲੋਂ 31,000/- ਰੁਪਏ ਦਾ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਇਹ ਵਿਦਿਆਰਥਣ ਏਸ਼ੀਅਨ ਗੇਮਜ਼ ਵਾਕ ਰੇਸ ਵਿਚ ਮੈਡਲ ਜਿੱਤਣ ਵਾਲੀ ਭਾਰਤ ਦੀ ਪਹਿਲੀ ਮਹਿਲਾ ਖਿਡਾਰਣ ਹੈ।
- ਯੂਨੀਵਰਸਿਟੀ ਦੀ ਖਿਡਾਰਨ Kezia Vargese ਨੇ ਅਕਤੂਬਰ, 2014 ਵਿਚ ਥਾਈਲੈਂਡ ਵਿਖੇ ਹੋਈ Asia Cycling Cup (Senior) ਵਿਚ ਭਾਰਤ ਦੀ ਪ੍ਰਤੀਨਿਧਤਾ ਕੀਤੀ ਅਤੇ ਸਿਲਵਰ ਮੈਡਲ ਪ੍ਰਾਪਤ ਕੀਤਾ। ਉਸ ਨੇ ਜੁਲਾਈ, 2014 ਨੂੰ ਸਕਾਟਲੈਂਡ ਵਿਖੇ ਹੋਈਆਂ Commonwealth Games, ਅਕਤੂਬਰ, 2014 ਨੂੰ ਸਾਊਥ ਕੋਰੀਆ ਵਿਖੇ ਹੋਈਆਂ Asian Games ਅਤੇ ਨਵੰਬਰ, 2014 ਨੂੰ U.S.A. ਵਿਖੇ ਹੋਏ World Cup ਵਿਚ ਵੀ ਹਿੱਸਾ ਲਿਆ।
- 2-5 ਨਵੰਬਰ ਨੂੰ ਦਿੱਲੀ ਵਿਖੇ ਹੋਈ Senior Open National Athletics Championship ਵਿਚ ਯੂਨੀਵਰਸਿਟੀ ਦੇ ਜਸਪ੍ਰੀਤ ਸਿੰਘ ਨੇ ਹਿੱਸਾ ਲਿਆ ਅਤੇ ਸ਼ਾਰਟ ਪੁਟ ਮੁਕਾਬਲੇ ਵਿਚ ਸਿਲਵਰ ਮੈਡਲ ਪ੍ਰਾਪਤ ਕੀਤਾ।
- 14-16 ਨਵੰਬਰ ਨੂੰ ਯੂਨੀਵਰਸਿਟੀ ਕੈਂਪਸ ਵਿਖੇ ਆਯੋਜਿਤ ਹੋਈਆਂ ਮਹਿਲਾ ਅਤੇ ਪੁਰਸ਼ ਅੰਤਰ-ਵਰਸਿਟੀ ਸਾਈਕਲਿੰਗ ਚੈਂਪੀਅਨਸ਼ਿਪ ਦੀਆਂ ਦੋਵੇਂ ਟਰਾਫੀਆਂ ਯੂਨੀਵਰਸਿਟੀ ਨੇ ਜਿੱਤੀਆਂ, ਜਿਸ ਵਿਚ ਯੂਨੀਵਰਸਿਟੀ ਦੇ ਪੁਰਸ਼ ਵਰਗ ਨੇ ਛੇ ਗੋਲਡ, ਦੋ ਸਿਲਵਰ, ਤਿੰਨ ਬ੍ਰਾਂਜ਼ ਅਤੇ ਮਹਿਲਾ ਵਰਗ ਨੇ ਚਾਰ ਗੋਲਡ, ਤਿੰਨ ਸਿਲਵਰ ਅਤੇ ਦੋ ਬ੍ਰਾਂਜ਼ ਮੈਡਲ ਜਿੱਤੇ। ਇਸ ਚੈਂਪੀਅਨਸ਼ਿਪ ਵਿਚ ਦੇਸ਼ ਭਰ ਤੋਂ ਲਗਭਗ 300 ਖਿਡਾਰੀਆਂ ਨੇ ਹਿੱਸਾ ਲਿਆ।

**ਸੈਨੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਸ਼ਰਨਜੀਤ ਸਿੰਘ ਢਿੱਲੋਂ)
ਰਜਿਸਟਰਾਰ

**ਪੱਕੀ ਕੀਤੀ ਗਈ**

(ਅ.ਸ. ਬਰਾੜ)
ਉਪ-ਕੁਲਪਤੀ